# ਇਤਿਹਾਸ ਖੁਦ ਨੂੰ ਦੁਹਰਾਅ ਰਿਹਾ ਹੈ . . .

ਅੱਜ ਅਸੀਂ ਸਾਰੇ ਉਨ੍ਹਾਂ ਸਿੰਘਾਂ ਦੀ ਚੜ੍ਹਦੀਕਲਾ ਦੀ ਅਰਦਾਸ ਕਰਨ ਲਈ ਇਕੱਤਰ ਹੋਏ ਹਾਂ ਜਿਨ੍ਹਾਂ ਨੂੰ ਬੇਅੰਤ ਸਿੰਘ ਕਤਲ ਕਾਂਡ ਦੇ ਅਦਾਲਤੀ ਫੈਸਲੇ ਅਨੁਸਾਰ ਫਾਂਸੀ ਅਤੇ ਉਮਰ ਕੈਦ ਦੀ ਸਜਾ ਸੁਣਾਈ ਗਈ ਹੈ। ਇਸ ਕੇਸ ਦੇ ਕੁਝ ਅਹਿਮ ਪਹਿਲੂ ਅਜਿਹੇ ਹਨ ਜਿਨ੍ਹਾਂ ਨੂੰ ਵਿਚਾਰੇ ਬਿਨਾ ਹੀ ਸਿੰਘਾਂ ਨੂੰ ਦੋਸ਼ੀ ਐਲਾਨਦੇ ਹੋਏ ਸਖ਼ਤ ਸਜਾਵਾਂ ਦਿੱਤੀਆਂ ਜਾ ਚੁੱਕੀਆਂ ਹਨ। ਇਤਿਹਾਸ ਖੁਦ ਨੂੰ ਦੁਹਰਾਅ ਰਿਹਾ ਹੈ। ਲੱਗ-ਭੱਗ ਡੇਢ ਦਹਾਕੇ ਪਹਿਲਾਂ ਜਦੋਂ ਕੌਮ ਦੇ ਦੋ ਸਿਰਲੱਥ ਯੋਧਿਆਂ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ, ਜਿਨ੍ਹਾਂ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੀ ਭਾਰਤੀ ਫੌਜ ਦੇ ਤਤਕਾਲੀ ਮੁਖੀ ਜਨਰਲ ਅਰੁਣ ਵੈਦਿਆ ਨੂੰ ਕਰਨੀ ਦਾ ਦੰਡ ਦਿੱਤਾ ਸੀ, ਨੂੰ ਫਾਂਸੀ ਸਜਾ ਦਿੱਤੀ ਗਈ ਤਾਂ ਉਸ ਕੇਸ ਦੇ ਵੀ ਕਈ ਪਹਿਲੂ ਅਜਿਹੇ ਹੀ ਸਨ ਜੋ ਵਿਚਾਰੇ ਹੀ ਨਹੀਂ ਸਨ ਗਏ। ਇਸ ਬਾਰੇ ਵਕੀਲਾਂ ਦੀ ਰਿੱਟ ਉੱਚ ਅਦਾਲਤ ਵਿੱਚ ਲੱਗੀ ਹੋਈ ਸੀ। ਜਦੋਂ ਫਾਂਸੀ ਦੇ ਦਿਨ ਤੋਂ ਇੱਕ ਦਿਨ ਪਹਿਲਾਂ ਇਹ ਗੱਲ ਸਾਹਮਣੇ ਆ ਗਈ ਤਾਂ ਰਾਤ ਨੂੰ ਅਦਾਲਤ ਦੀ ਕਾਰਵਾਈ ਬਿਨਾ ਵਕੀਲ, ਬਿਨਾ ਦਲੀਲ ਦੇ ਚਲਾ ਕੇ ਰਿੱਟ ਰੱਦ ਕੀਤੀ ਗਈ ਅਤੇ ਦੋਹਾਂ ਸਿੰਘਾਂ ਦੀ ਫਾਂਸੀ ਦਾ ਰਸਤਾ ਸਾਫ ਕਰ ਲਿਆ ਗਿਆ। ਬੇਅੰਤ ਸਿੰਘ ਕਤਲ ਕੇਸ ਵਿੱਚ ਵੀ ਕਈ ਸਬੂਤ ਅਤੇ ਤੱਥ ਸੀ. ਬੀ. ਆਈ ਦੀ ਅਦਾਲਤ ਦੇ ਰਿਕਾਰਡ ਵਿੱਚ ਨਹੀਂ ਲਏ ਗਏ ਅਤੇ ਇਸ ਬਾਰੇ ਰਿੱਟ ਉਚ ਅਦਾਲਤ ਵਿੱਚ ਲੱਗੀ ਹੈ। ਉਸ ਰਿੱਟ ਦੇ ਨਿਪਟਾਰੇ ਤੋਂ ਪਹਿਲਾਂ ਹੀ ਅਦਾਲਤ ਨੇ ਆਪਣਾ ਫੈਸਲਾ ਸੁਣਾ ਦਿੱਤਾ ਹੈ।

ਕੁਝ ਤੱਥ ਜੋ ਅਣਗੌਲੇ ਕੀਤੇ ਗਏ ਹਨ:

- 31 ਅਗਸਤ 1995 ਨੂੰ ਸ਼ਾਮ ਦੇ 05:30 ਵਜੇ ਬੇਅੰਤ ਸਿੰਘ ਦੀ ਇੱਕ ਬੰਬ ਧਮਾਕੇ ਵਿੱਚ ਮੌਤ ਹੋਈ। ਮੌਕੇ 'ਤੇ ਹਾਜ਼ਰ ਕਿਸੇ ਵੀ ਪੁਲਿਸ ਕਰਮੀ ਨੂੰ ਜਾਂਚ ਵਿੱਚ ਸ਼ਾਮਿਲ ਹੀ ਨਹੀਂ ਕੀਤਾ ਗਿਆ ਸਗੋਂ ਪੁਲਿਸ ਜਾਂ ਸੀ. ਬੀ. ਆਈ ਵੱਲੋਂ ਹੀ ਪੁੱਛਗਿੱਛ ਕਰਕੇ ਬਿਆਨ ਲਿਖੇ ਗਏ।
- ਘਟਨਾ ਤੋਂ ਬਾਅਦ ਮੌਕੇ 'ਤੇ ਪੁੱਜੇ ਚੰਡੀਗੜ੍ਹ ਪੁਲਿਸ ਦੇ ਇੰਸਪੈਕਟਰ ਨੰਨਾ ਰਾਮ ਨੇ ਦੋ ਘੰਟੇ ਬਾਅਦ ਕਰੀਬ 7:30 ਵਜੇ ਪੀ. ਜੀ. ਆਈ ਵਿੱਚ ਪੁਲਿਸ ਦੇ ਸਿਪਾਹੀ ਪਾਲਾ ਰਾਮ ਦੇ ਬਿਆਨ ਲਏ। ਉਸ ਸਮੇਂ ਪੀ. ਜੀ. ਆਈ ਵਿੱਚ ਕਾਂਗਰਸੀ ਵਿਧਾਇਕ ਦਰਸ਼ਨ ਸਿੰਘ ਬਰਾੜ ਅਤੇ 2-3 ਹੋਰ ਸਿਆਸੀ ਆਦਮੀ ਉੱਥੇ ਹਾਜਰ ਸਨ ਪਰ ਉਨ੍ਹਾਂ ਦੇ ਬਿਆਨ ਲੈਣ ਦੀ ਜਰੂਰਤ ਹੀ ਨਹੀਂ ਸਮਝੀ ਗਈ।
- ਘਟਨਾ ਦੀ ਐਫ. ਆਈ. ਆਰ ਕੱਟਣ ਵਿੱਚ ਹੀ ਤਿੰਨ ਘੰਟੇ ਤੋਂ ਵੱਧ ਸਮੇਂ ਦੀ ਦੇਰੀ ਇਹ ਸ਼ੰਕਾ ਖੜ੍ਹਾ ਕਰਦੀ ਹੈ ਕਿ ਮਸਲੇ ਦੀ ਜਾਂਚ ਸ਼ੁਰੂ ਤੋਂ ਹੀ ਸਹੀ ਰੂਪ ਵਿੱਚ ਨਹੀਂ ਚੱਲੀ। ਐਫ. ਆਈ. ਆਰ 08:40 ਵਜੇ ਕੱਟੀ ਗਈ।
- 31 ਅਗਸਤ ਦੀ ਰਾਤ ਨੂੰ ਫੈਸਲਾ ਹੋ ਗਿਆ ਸੀ ਕਿ ਜਾਂਚ ਸੀ. ਬੀ. ਆਈ ਨੂੰ ਸੌਂਪ ਦਿੱਤੀ ਜਾਵੇ ਅਤੇ ਸਵੇਰੇ ਇਹ ਜਾਂਚ ਸੀ. ਬੀ. ਆਈ ਨੂੰ ਦੇ ਦਿੱਤੀ ਗਈ। ਸੀ. ਬੀ. ਆਈ ਅਨੁਸਾਰ ਜਾਂਚ ਅਧਿਕਾਰੀ ਨੇ ਸਵੇਰੇ 09:00 ਵਜੇ ਐਫ. ਆਈ. ਆਰ ਦੀ ਕਾਪੀ ਥਾਣੇ ਵਿੱਚੋਂ ਇਨਸਪੈਕਟਰ ਨੰਨਾ ਰਾਮ ਤੋਂ ਪ੍ਰਾਪਤ ਕੀਤੀ, ਜਦਕਿ ਠਾਣੇ ਦੇ ਰਜਿਸਟਰ ਅਨੁਸਾਰ ਨੰਨਾ ਰਾਮ ਉਸ ਸਮੇਂ ਠਾਣੇ ਵਿੱਚ ਹੀ ਨਹੀਂ ਸੀ। ਇਹ ਰਜਿਸਟਰ ਵੀ ਸਬੂਤ ਦੇ ਤੌਰ 'ਤੇ ਰਿਕਾਰਡ ਵਿੱਚ ਨਹੀਂ ਲਿਆ ਗਿਆ।
- ਪੁਲਿਸ ਵੱਲੋਂ ਭਾਈ ਦਿਲਾਵਰ ਸਿੰਘ ਨੂੰ ਮਨੁੱਖੀ ਬੰਬ ਦੱਸਿਆ ਗਿਆ। ਇਸ ਕਾਂਡ ਤੋਂ ਤਿੰਨ ਦਿਨ ਤੱਕ ਦਿਲਾਵਰ ਸਿੰਘ ਦੀ ਲਾਸ਼ ਨਹੀਂ ਮਿਲੀ। ਫਰ ਤਿੰਨ ਦਿਨ ਬਾਅਦ ਪੁਲਿਸ ਨੇ ਕਿਸੇ ਵਿਅਕਤੀ ਦੀ ਲਾਸ਼ ਨੂੰ ਦਿਲਾਵਰ ਸਿੰਘ ਦੀ ਲਾਸ਼ ਦੇ ਤੌਰ 'ਤੇ ਪੇਸ਼ ਕੀਤਾ ਜਿਸ ਦੀ ਕਿਸੇ ਨੇ ਕੋਈ ਸ਼ਨਾਖਤ ਨਹੀਂ ਸੀ ਕੀਤੀ।
- ਪੁਲਿਸ ਨੇ ਜਿਸ ਟਰੱਕ ਨੂੰ ਅੰਮ੍ਰਿਤਸਰ ਤੋਂ ਬਰੂਦ ਲਿਆਉਣ ਲਈ ਵਰਤਿਆ ਗਿਆ ਦਿਖਾਇਆ ਹੈ ਉਹ ਟਰੱਕ ਉਸ ਰਾਤ ਅਤੇ ਦਿਨ ਮੁਹਾਲੀ ਦੀ ਇੱਕ ਗੈਸ ਫੈਕਟਰੀ ਵਿੱਚ ਸੀ ਅਤੇ ਇਸ ਤੱਥ ਦਾ ਸਬੂਤ ਉਸ ਫੈਕਟਰੀ ਦਾ ਗੇਟ ਰਜਿਸਟਰ ਹੈ। ਪਰ ਇਸ ਨੂੰ ਵੀ ਸਬੂਤ ਦੇ ਤੌਰ 'ਤੇ ਅਦਾਲਤੀ ਰਿਕਾਰਡ ਵਿੱਚ ਨਹੀਂ ਲਿਆ ਗਿਆ।

ਉਪਰੋਤਕ ਕੁਝ ਤੱਥ ਅਜਿਹੇ ਹਨ ਜੋ ਸੀ. ਬੀ. ਆਈ ਦੇ ਕੇਸ ਨੂੰ ਕਮਜੋਰ ਕਰ ਸਕਦੇ ਹਨ ਇਸ ਲਈ ਇਨ੍ਹਾਂ ਨੂੰ ਅਦਾਲਤੀ ਰਿਕਾਰਡ ਦਾ ਹਿੱਸਾ ਹੀ ਨਹੀਂ ਬਣਾਇਆ ਗਿਆ। ਬੇਅੰਤ ਸਿੰਘ, ਜੋ ਉਸ ਮੌਕੇ ਪੰਜਾਬ ਦਾ ਮੁੱਖ ਮੰਤਰੀ ਸੀ, ਦਾ ਕਤਲ ਕਰਨ ਪਿੱਛੇ ਸ਼ਹੀਦ ਭਾਈ ਦਿਲਾਵਰ ਸਿੰਘ ਜਾਂ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਕੋਈ ਨਿੱਜੀ ਦੁਸ਼ਮਣੀ ਨਹੀਂ ਸੀ। ਬੇਅੰਤ ਸਿੰਘ ਪੰਜਾਬ ਦੇ ਹਜ਼ਾਰਾਂ ਨੌਜਵਾਨਾਂ ਦਾ ਕਾਤਲ ਸੀ ਅਤੇ ਇਸ ਤੱਥ ਨੂੰ ਹੁਣ ਸੁਪਰੀਮ ਕੋਰਟ ਨੇ ਲਾਵਾਰਿਸ ਲਾਸ਼ਾਂ ਦੇ ਕੇਸ ਵਿੱਚ ਪ੍ਰਵਾਨ ਕਰ ਲਿਆ ਹੈ। ਖੁਦ ਭਾਰਤ ਦੀ ਇਸੇ ਜਾਂਚ ਏਜੰਸੀ ਸੀ. ਬੀ. ਆਈ ਨੇ ਇਹ ਤੱਥ ਪ੍ਰਵਾਨ ਕੀਤਾ ਹੈ ਕਿ ਘੱਟੋ-ਘੱਟ 2097 ਨਿਰਦੋਸ਼ ਸਿੱਖ ਨੌਜਵਾਨਾਂ ਦਾ ਕਤਲ ਬੇਅੰਤ ਦੇ ਰਾਜ ਮੌਕੇ ਕੀਤਾ ਗਿਆ। ਜਦੋਂ ਇਹ ਸਪਸ਼ਟ ਸੀ ਕਿ ਦੁਨਿਆਵੀ ਕਾਨੂੰਨ ਨਵੇਂ ਮੀਰ-ਮੰਨੂੰ ਨੂੰ ਸਦਾ ਦੇਣ ਦੇ ਸਮਰੱਥ ਨਹੀਂ ਹੈ ਤਾਂ ਇਨ੍ਹਾਂ ਸਿੰਘਾਂ ਨੇ ਅਕਾਲ ਸੱਤਾ ਅੰਦਰ ਵਿਚਰਦਿਆਂ ਦੈਵੀ ਕਾਨੂੰਨ ਲਾਗੂ ਕਰਕੇ ਦੁਸ਼ਟ ਦਾ ਸੰਘਾਰ ਕੀਤਾ। ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਫਾਂਸੀ ਸੁਣਾਉਣ ਵੇਲੇ ਅਦਾਲਤ ਨੇ ਹਜ਼ਾਰਾਂ ਮੀਲ ਦੂਰ ਅਮਰੀਕਾ ਵਿੱਚ ਹੋਏ ਸਤੰਬਰ 2001 ਦੇ ਹਮਲੇ ਦਾ ਹਵਾਲਾ ਦੇ ਕੇ ਫਾਂਸੀ ਦੀ ਸਜਾ ਦੀ ਪ੍ਰੋੜਤਾ ਕੀਤੀ ਪਰ ਹੁਣ ਇਸ ਕੇਸ ਦੇ ਫੈਸਲੇ ਸਮੇਂ ਅਦਾਲਤ ਨੇ ਬੇਅੰਤ ਸਿੰਘ ਦੇ ਹੁਕਮ ਨਾਲ ਕਤਲ ਹੋਏ ਨਿਰਦੋਸ਼ ਨੌਜਵਾਨਾਂ ਦੇ ਕੇਸ ਨੂੰ ਅਣਗੌਲਿਆਂ ਕਿਉਂ ਕਰ ਦਿਤਾ? ਕਾਨੂੰਨ ਵੀ ਸਿੱਖਾਂ ਦੇ ਕਾਤਲਾਂ ਲਈ ਵੱਖ ਅਤੇ ਸਿੱਖਾਂ ਨੂੰ ਕਤਲ ਕਰਨ ਲਈ ਵੱਖ ਰੂਪ ਅਖਤਿਆਰ ਕਰ ਲੈਂਦਾ ਹੈ। ਅਜਿਹੇ ਮੌਕੇ ਉਸ ਅਕਾਲ ਪੁਰਖ ਅੱਗੇ ਹੀ ਅਰਜੋਈ ਕੀਤੀ ਜਾ ਸਕਦੀ ਹੈ ਕਿ:

ਸਾਡਾ ਤਾਂ ਨਿਮਾਣਿਆਂ ਦਾ ਤੂ ਹੀਂ ਐਂ, ਹੋਰ ਕੋਈ ਆਸਰਾ ਨਹੀਂ...


ਵੱਲੋਂ:

ਸਿੱਖ ਸਟੂਡੈਂਟਸ ਫੈਡਰੇਸ਼ਨ

ਪਰਮਜੀਤ ਸਿੰਘ ਗਾਜ਼ੀ (ਕੌਮੀ ਪ੍ਰਧਾਨ)

Contact: 93166-48112, Website: www.sikhstudentsfederation.com Email: information@sikhstudnetsfederation.com